
Punjabi | ਪੰਜਾਬੀ

# ਕੈਂਡੋਰ ਦੀ ਡਿਊਟੀ (ਸਾਫ਼-ਬਿਆਨੀ ਦੀ ਨੈਤਿਕ ਜ਼ਿੰਮੇਵਾਰੀ)



## ਅਕਸਰ ਪੁੱਛੇ ਜਾਣ ਵਾਲੇ ਸਵਾਲ

### ? ਅਹਿਮ ਨੁਕਸਾਨ ਕੀ ਹੁੰਦਾ ਹੈ?

**A** ਅਹਿਮ ਨੁਕਸਾਨ ਮਰੀਜ਼ ਦੀ ਸੁਰੱਖਿਆ ਪ੍ਰਤੀ ਇੱਕ ਗੰਭੀਰ ਉਲਟ-ਪ੍ਰਭਾਵ ਘਟਨਾ (SAPSE) ਹੈ ਅਤੇ ਇਹ ਇੱਕ ਅਜਿਹੀ ਘਟਨਾ ਹੈ ਜੋ:

- ਉਦੋਂ ਵਾਪਰੀ ਹੈ ਜਦੋਂ ਮਰੀਜ਼ ਸਿਹਤ ਸੇਵਾ ਤੋਂ ਦੇਖਭਾਲ ਪ੍ਰਾਪਤ ਕਰ ਰਿਹਾ ਸੀ, ਅਤੇ
- ਨਤੀਜੇ ਵਜੋਂ ਅਣਇੱਛਤ ਜਾਂ ਅਚਾਨਕ
  - ਦਰਮਿਆਨਾ ਨੁਕਸਾਨ: ਇਹ ਉਦੋਂ ਹੁੰਦਾ ਹੈ ਜਦੋਂ ਇਲਾਜ ਵਿੱਚ ਦਰਮਿਆਨੇ ਵਾਧੇ ਦੀ ਲੋੜ ਹੁੰਦੀ ਹੈ, ਜਿਵੇਂ ਕਿ ਸਰਜਰੀ ਲਈ ਗ਼ੈਰ-ਯੋਜਨਾਬੱਧ ਜਾਂ ਅਚਾਨਕ ਵਾਪਸੀ, ਪਰ ਇਸ ਨਾਲ ਵਿਅਕਤੀ ਨੂੰ ਸਥਾਈ ਨੁਕਸਾਨ ਜਾਂ ਸੱਟ ਨਹੀਂ ਲੱਗਦੀ ਹੈ। ਇਸ ਵਿੱਚ ਉਹ ਮਾਮਲੇ ਸ਼ਾਮਲ ਨਹੀਂ ਹੋ ਸਕਦੇ ਹਨ ਜਿੱਥੇ ਇੱਕ ਅਜਿਹੀ ਪੇਚੀਦਗੀ ਆਈ ਹੈ ਜਿਸ ਬਾਰੇ ਸਹਿਮਤੀ ਲੈਣ ਦੀ ਪ੍ਰਕਿਰਿਆ ਦੌਰਾਨ ਦੱਸਿਆ ਗਿਆ ਸੀ।
  - ਗੰਭੀਰ ਨੁਕਸਾਨ/ਮੌਤ: ਕਿਸੇ ਵਿਅਕਤੀ ਦੀ ਕੰਮ ਕਰਨ ਦੀ ਸਮਰੱਥਾ ਵਿੱਚ ਸਥਾਈ ਕਮੀ ਦਾ ਕਾਰਨ ਬਣਦਾ ਹੈ ਜੋ ਉਸ ਵਿਅਕਤੀ ਦੀ ਬਿਮਾਰੀ ਜਾਂ ਸਥਿਤੀ ਦਾ ਹਿੱਸਾ ਨਹੀਂ ਸੀ। ਇਹ ਨੁਕਸਾਨ ਸਥਾਈ ਅਪਾਹਜਤਾ ਜਾਂ ਮੌਤ ਦਾ ਕਾਰਨ ਬਣ ਸਕਦਾ ਹੈ।
  - ਲੰਬੇ ਸਮੇਂ ਤੱਕ ਦਾ ਮਨੋਵਿਗਿਆਨਕ ਨੁਕਸਾਨ: ਉਹ ਮਨੋਵਿਗਿਆਨਕ ਨੁਕਸਾਨ ਹੁੰਦਾ ਹੈ, ਜੋ ਕਿਸੇ ਵਿਅਕਤੀ ਨੂੰ ਉਲਟ-ਪ੍ਰਭਾਵ ਘਟਨਾ ਤੋਂ ਬਾਅਦ ਘੱਟੋ-ਘੱਟ 28 ਦਿਨਾਂ ਤੱਕ ਦੀ ਲਗਾਤਾਰ ਮਿਆਦ ਲਈ ਅਨੁਭਵ ਹੁੰਦਾ ਹੈ, ਜਾਂ ਅਨੁਭਵ ਹੋਣ ਦੀ ਸੰਭਾਵਨਾ ਹੈ।

### ? ਕੌਣ ਫ਼ੈਸਲਾ ਕਰਦਾ ਹੈ ਕਿ ਕੀ ਘਟਨਾ ਨੂੰ ਅਹਿਮ ਨੁਕਸਾਨ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ ਜਾਂ ਨਹੀਂ?

**A** ਕਿਸੇ ਘਟਨਾ ਨੂੰ ਅਹਿਮ ਨੁਕਸਾਨ (ਜਾਂ SAPSE) ਵਜੋਂ ਮੰਨੇ ਜਾਣ ਲਈ, ਇਸਦਾ ਉੱਪਰ ਦਿੱਤੇ ਮਾਪਦੰਡਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ, ਜਿਵੇਂ ਕਿ ਕਿਸੇ ਰਜਿਸਟਰਡ ਹੈਲਥ ਪ੍ਰੈਕਟੀਸ਼ਨਰ (ਜਿਵੇਂ ਕਿ ਇੱਕ ਰਜਿਸਟਰਡ ਨਰਸ) ਦੁਆਰਾ ਤੈਅ ਕੀਤਾ ਗਿਆ ਹੋਵੇ।

ਇਹ ਕਈ ਵਾਰ ਕਾਫ਼ੀ ਗੁੰਝਲਦਾਰ ਹੋ ਸਕਦਾ ਹੈ। ਕਦੇ-ਕਦਾਈਂ, ਸਿਹਤ ਸੇਵਾਵਾਂ ਨੂੰ ਹੋਰ ਤਰੀਕਿਆਂ ਨਾਲ ਜਾਂ ਬਾਅਦ ਦੀ ਮਿਤੀ 'ਤੇ ਵੀ ਅਹਿਮ ਨੁਕਸਾਨ ਬਾਰੇ ਪਤਾ ਲੱਗਦਾ ਹੈ, ਜਿਵੇਂ ਕਿ ਕਿਸੇ ਬਾਹਰੀ ਸ਼ਿਕਾਇਤ ਰਾਹੀਂ, ਜਾਂ ਵਿਕਟੋਰੀਆ ਦੀ ਕੋਰੋਨਰ ਕੋਰਟ ਤੋਂ।

### ? ਕੈਂਡੋਰ ਦੀ ਡਿਊਟੀ ਕੀ ਹੁੰਦੀ ਹੈ?

**A** ਕੈਂਡੋਰ ਦੀ ਡਿਊਟੀ ਇੱਕ ਪ੍ਰਕਿਰਿਆ ਹੈ ਜਿੱਥੇ ਜਦੋਂ ਅਹਿਮ ਨੁਕਸਾਨ ਹੁੰਦਾ ਹੈ ਤਾਂ ਸਿਹਤ ਸੇਵਾ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਤੁਹਾਨੂੰ ਅਤੇ/ਜਾਂ ਤੁਹਾਡੇ ਪਰਿਵਾਰ ਜਾਂ ਦੇਖਭਾਲ ਕਰਨ ਵਾਲੇ ਨੂੰ ਹੇਠ ਲਿਖਿਆਂ ਦੀ ਪੇਸ਼ਕਸ਼ ਕਰੇ:

1. ਮੁਆਫ਼ੀ ਮੰਗੇ ਜਾਣ ਦੀ
2. ਘਟਨਾ ਦੇ ਤੱਥਾਂ ਨਾਲ - ਮਤਲਬ ਕੀ ਹੋਇਆ ਅਤੇ ਕਿਉਂ। ਇਸ ਵਿੱਚ ਇਸ ਘਟਨਾ ਦੇ ਹੋਣ ਤੱਕ ਦੀ ਸਮਾਂਰੇਖਾ ਸ਼ਾਮਲ ਹੋ ਸਕਦੀ ਹੈ
3. ਇਸ ਘਟਨਾ ਲਈ ਸਿਹਤ ਸੇਵਾ ਦਾ ਜਵਾਬ – ਭਾਵ ਸਿਹਤ ਸੇਵਾ ਨੇ ਇਸ ਘਟਨਾ ਦੇ ਸਮੇਂ ਅਤੇ ਬਾਅਦ ਵਿੱਚ ਕੀ ਕੀਤਾ
4. ਅਜਿਹੀਆਂ ਘਟਨਾਵਾਂ ਨੂੰ ਮੁੜ ਵਾਪਰਨ ਤੋਂ ਰੋਕਣ ਲਈ ਚੁੱਕੇ ਜਾ ਰਹੇ ਕਦਮ।

ਇਹ ਤੁਹਾਨੂੰ ਰਿਪੋਰਟ ਦੇ ਰੂਪ ਵਿੱਚ ਪੇਸ਼ ਕਰਨ ਦੀ ਲੋੜ ਹੈ।

### ? ਸ਼ੁਰੂਆਤੀ ਕੈਂਡੋਰ ਦੀ ਡਿਊਟੀ ਮੀਟਿੰਗ ਵਿੱਚ, ਅਤੇ ਘਟਨਾ ਦੀ ਸਮੀਖਿਆ ਵਿੱਚ ਵੀ ਕੌਣ ਸ਼ਾਮਲ ਹੋਵੇਗਾ?

**A** ਕੈਂਡੋਰ ਦੀ ਡਿਊਟੀ ਮੀਟਿੰਗ ਅਤੇ ਸਮੀਖਿਆ ਇੱਕੋ ਸਮੇਂ ਵੀ ਹੋ ਸਕਦੀ ਹੈ, ਇਸ ਲਈ ਸ਼ੁਰੂਆਤੀ ਮੀਟਿੰਗ ਦੇ ਸਮੇਂ ਹੋ ਸਕਦਾ ਹੈ ਕਿ ਸਾਰੀ ਜਾਣਕਾਰੀ ਨਾ ਪਤਾ ਹੋਵੇ।

ਤੁਹਾਡੇ ਅਤੇ/ਜਾਂ ਤੁਹਾਡੇ ਪਰਿਵਾਰ ਜਾਂ ਦੇਖਭਾਲ ਕਰਨ ਵਾਲੇ ਨਾਲ ਸਿਹਤ ਸੇਵਾ ਦੀ ਮੀਟਿੰਗ ਵਿੱਚ ਕਈ ਕਿਸਮ ਦੇ ਲੋਕ ਹੋ ਸਕਦੇ ਹਨ। ਇਸ ਵਿੱਚ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਸੀਨੀਅਰ ਡਾਕਟਰੀ ਕਰਮਚਾਰੀ ਅਤੇ ਕਲੀਨਿਕਲ ਗਵਰਨੈਂਸ ਟੀਮ ਦੇ ਮੈਂਬਰਾਂ ਵਰਗੇ ਲੋਕ ਸ਼ਾਮਲ ਹੋ ਸਕਦੇ ਹਨ, ਅਤੇ ਤੁਹਾਡੇ ਕੋਲ ਕੋਈ ਵੀ ਸਵਾਲ ਪੁੱਛਣ ਦਾ ਮੌਕਾ ਹੋਵੇਗਾ।

ਇਸ ਨੂੰ ਪੂਰੀ ਤਰ੍ਹਾਂ ਸਮਝਣ ਲਈ ਕਿ ਕੀ ਹੋਇਆ ਹੈ, ਸਿਹਤ ਸੇਵਾ ਸੁਤੰਤਰ ਤੌਰ 'ਤੇ ਜਾਂਚ ਕਰਨ ਲਈ ਲੋਕਾਂ ਦੀ ਇੱਕ ਟੀਮ ਨੂੰ ਵੀ ਗਠਿਤ ਕਰੇਗੀ ਕਿ ਨੁਕਸਾਨ ਕਿਉਂ ਹੋਇਆ ਹੈ।

ਇਸਦੀ ਸੁਤੰਤਰਤਾ ਨੂੰ ਯਕੀਨੀ ਬਣਾਉਣ ਲਈ, ਇਸ ਸਮੀਖਿਆ ਟੀਮ ਦੇ ਮੈਂਬਰ ਸਿੱਧੇ ਤੌਰ 'ਤੇ ਉਸ ਘਟਨਾ ਵਿੱਚ ਸ਼ਾਮਲ ਨਹੀਂ ਹੋਏ ਹੋਣਗੇ ਜਿਸ ਨਾਲ ਨੁਕਸਾਨ ਹੋਇਆ ਹੈ ਪਰ ਉਹਨਾਂ ਦੀ ਇੰਟਰਵਿਊ ਕਰਨਗੇ ਜੋ ਉਸ ਘਟਨਾ ਵਿੱਚ ਸ਼ਾਮਲ ਸਨ। ਤੁਹਾਡੀ ਫੀਡਬੈਕ ਇਸ ਸਮੀਖਿਆ ਪ੍ਰਕਿਰਿਆ ਲਈ ਕੀਮਤੀ ਹੋਵੇਗੀ, ਇਸ ਲਈ ਕਿਰਪਾ ਕਰਕੇ ਆਪਣੇ ਸੰਪਰਕ ਵਿਅਕਤੀ ਜਾਂ ਖ਼ਪਤਕਾਰ ਸੰਪਰਕ ਅਧਿਕਾਰੀ ਨੂੰ ਪੁੱਛੋ ਕਿ ਤੁਸੀਂ ਕਿਵੇਂ ਸ਼ਾਮਲ ਹੋ ਸਕਦੇ ਹੋ।

### ? ਸੰਪਰਕ ਵਿਅਕਤੀ ਜਾਂ ਖ਼ਪਤਕਾਰ ਸੰਪਰਕ ਅਧਿਕਾਰੀ ਦੀ ਕੀ ਭੂਮਿਕਾ ਹੁੰਦੀ ਹੈ?

**A** ਸਿਹਤ ਸੇਵਾ ਤੁਹਾਨੂੰ ਸੰਪਰਕ ਵਿਅਕਤੀ ਜਾਂ ਖ਼ਪਤਕਾਰ ਸੰਪਰਕ ਅਧਿਕਾਰੀ ਦੇ ਵੇਰਵੇ ਦੇਵੇਗੀ।

ਕੈਂਡੋਰ ਦੀ ਡਿਊਟੀ ਦੀ ਪ੍ਰਕਿਰਿਆ ਵਿੱਚੋਂ ਲੰਘਦੇ ਸਮੇਂ ਇਹ ਵਿਅਕਤੀ ਸਿਹਤ ਸੇਵਾ ਵਿੱਚੋਂ ਤੁਹਾਡਾ ਮੁੱਖ ਸੰਪਰਕ ਹੋਵੇਗਾ। ਜੇਕਰ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਤੁਹਾਨੂੰ ਪਹਿਲਾਂ ਉਹਨਾਂ ਨਾਲ ਗੱਲ ਕਰਨੀ ਚਾਹੀਦੀ ਹੈ।

# ਕੈਂਡੋਰ ਦੀ ਡਿਊਟੀ (ਸਾਫ਼-ਬਿਆਨੀ ਦੀ ਨੈਤਿਕ ਜ਼ਿੰਮੇਵਾਰੀ)

## ਅਕਸਰ ਪੁੱਛੇ ਜਾਣ ਵਾਲੇ ਸਵਾਲ

## ਤੁਹਾਡੇ ਅਧਿਕਾਰ

### ? ਜੇਕਰ ਮੈਨੂੰ ਕੈਂਡੋਰ ਦੀ ਡਿਊਟੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਮੱਦਦ ਦੀ ਲੋੜ ਹੈ ਤਾਂ ਕੀ ਹੋਵੇਗਾ?

**A** ਤੁਸੀਂ ਇਸ ਪ੍ਰਕਿਰਿਆ ਦੇ ਦੌਰਾਨ ਤੁਹਾਡੇ ਨਾਲ ਰਹਿਣ ਲਈ ਕਿਸੇ ਪਰਿਵਾਰਕ ਮੈਂਬਰ ਜਾਂ ਦੇਖਭਾਲ ਕਰਨ ਵਾਲੇ, ਜਾਂ ਕਿਸੇ ਹੋਰ ਨਾਮਜ਼ਦ ਵਿਅਕਤੀ ਨੂੰ ਨਾਮਜ਼ਦ ਕਰ ਸਕਦੇ ਹੋ।

ਸਿਹਤ ਸੇਵਾ ਨੂੰ ਤੁਹਾਨੂੰ ਸੰਪਰਕ ਵਿਅਕਤੀ ਜਾਂ ਖ਼ਪਤਕਾਰ ਸੰਪਰਕ ਅਧਿਕਾਰੀ ਦੇਣ ਦੀ ਵੀ ਪੇਸ਼ਕਸ਼ ਕਰਨੀ ਚਾਹੀਦੀ ਹੈ ਜੋ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇ ਕੇ ਇਸ ਪ੍ਰਕਿਰਿਆ ਵਿੱਚ ਤੁਹਾਡੀ ਮੱਦਦ ਕਰ ਸਕਦਾ ਹੈ।

### ? ਮੈਂ ਕਿਸ ਸਹਾਇਤਾ ਤੱਕ ਪਹੁੰਚ ਕਰ ਸਕਦਾ/ ਸਕਦੀ ਹਾਂ?

**A** ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਹੇਠ ਲਿਖੀਆਂ ਚੀਜ਼ਾਂ ਦੀ ਲੋੜ ਹੋ ਸਕਦੀ ਹੈ ਤਾਂ ਤੁਹਾਨੂੰ ਆਪਣੀ ਸਿਹਤ ਸੇਵਾ ਨਾਲ ਸੰਪਰਕ ਕਰਨਾ ਚਾਹੀਦਾ ਹੈ:

- ਅਨੁਵਾਦਕ ਦੀ
- ਦੁਭਾਸ਼ੀਏ ਦੀ
- ਸਲਾਹਕਾਰ ਦੀ
- ਆਵਾਜਾਈ, ਪਾਰਕਿੰਗ, ਭੋਜਨ ਵਰਗੀਆਂ ਚੀਜ਼ਾਂ ਲਈ ਆਪਣੀ ਜੇਬ ਵਿੱਚੋਂ ਹੋਏ ਖ਼ਰਚਿਆਂ ਦਾ ਭੁਗਤਾਨ ਕਰਨ ਦੀ।

ਕੈਂਡੋਰ ਦੀ ਡਿਊਟੀ ਪ੍ਰਕਿਰਿਆ ਦੇ ਹਿੱਸੇ ਵਜੋਂ, ਤੁਹਾਨੂੰ ਇਸ ਪ੍ਰਕਿਰਿਆ ਵਿੱਚ ਤੁਹਾਡੀ ਮੱਦਦ ਕਰਨ ਲਈ ਸੰਪਰਕ ਵਿਅਕਤੀ ਜਾਂ ਖ਼ਪਤਕਾਰ ਸੰਪਰਕ ਅਧਿਕਾਰੀ ਨਿਰਧਾਰਤ ਕੀਤਾ ਜਾਵੇਗਾ।

### ? ਕੀ ਮੈਂ ਇਹ ਫ਼ੈਸਲਾ ਕਰ ਸਕਦਾ/ ਦੀ ਹਾਂ ਕਿ ਕੌਣ ਕੈਂਡੋਰ ਦੀ ਡਿਊਟੀ ਮੀਟਿੰਗ ਦਾ ਹਿੱਸਾ ਹੋਵੇਗਾ ਅਤੇ ਕੌਣ ਨਹੀਂ ?

**A** ਤੁਸੀਂ ਇਹ ਸਿਫ਼ਾਰਿਸ਼ ਕਰ ਸਕਦੇ ਹੋ ਕਿ ਤੁਸੀਂ ਕੈਂਡੋਰ ਮੀਟਿੰਗ ਦੌਰਾਨ ਕਿਸ ਨੂੰ ਹਾਜ਼ਰ ਕਰਨਾ ਚਾਹੁੰਦੇ ਹੋ ਜਾਂ ਨਹੀਂ ਕਰਨਾ ਚਾਹੁੰਦੇ ਹੋ। ਇਸ ਵਿੱਚ ਸ਼ਾਮਲ ਹਨ:

- ਇਹ ਫ਼ੈਸਲਾ ਕਰਨਾ ਕਿ ਕੀ ਤੁਸੀਂ ਕਿਸੇ ਸਹਾਇਤਾ ਵਿਅਕਤੀ ਨੂੰ ਆਪਣੇ ਨਾਲ ਲਿਆਉਣਾ ਚਾਹੁੰਦੇ ਹੋ ਜਾਂ ਨਹੀਂ
- ਜੇਕਰ ਇਹ ਤੁਹਾਡੇ ਲਈ ਦੁਖਦਾਈ ਕਰਨ ਵਾਲਾ ਹੈ ਤਾਂ ਇਹ ਬੇਨਤੀ ਕਰਨਾ ਕਿ ਕੋਈ ਖ਼ਾਸ ਵਿਅਕਤੀ ਸਮੀਖਿਆ ਵਿੱਚ ਸ਼ਾਮਲ **ਨਾ** ਹੋਵੇ।

### ? ਮੈਂ ਕੈਂਡੋਰ ਦੀ ਡਿਊਟੀ ਦੀ ਮੀਟਿੰਗ ਅਤੇ ਇਸ ਘਟਨਾ ਦੀ ਸਮੀਖਿਆ ਵਿੱਚ ਕਿਵੇਂ ਯੋਗਦਾਨ ਪਾਵਾਂ?

**A** ਤੁਸੀਂ ਫ਼ੈਸਲਾ ਕਰ ਸਕਦੇ ਹੋ ਕਿ ਤੁਸੀਂ ਇਸ ਸਮੀਖਿਆ ਵਿੱਚ ਕਿੰਨਾ ਯੋਗਦਾਨ ਪਾਉਣਾ ਚਾਹੁੰਦੇ ਹੋ। ਉਹ ਚੀਜ਼ਾਂ ਜੋ ਤੁਸੀਂ ਕਰ ਸਕਦੇ ਹੋ, ਉਨ੍ਹਾਂ ਵਿੱਚ ਸ਼ਾਮਲ ਹਨ:

- ਇਸ ਮੀਟਿੰਗ ਤੋਂ ਪਹਿਲਾਂ ਤੁਸੀਂ ਰਿਕਾਰਡ/ਲਿਖ ਸਕਦੇ ਹੋ:
  - ਤੁਹਾਨੂੰ ਇਸ ਘਟਨਾ ਬਾਰੇ ਕੀ ਯਾਦ ਹੈ, ਜਾਂ ਜੇਕਰ ਇਸ ਘਟਨਾ ਨੇ ਕਿਸੇ ਹੋਰ ਵਿਅਕਤੀ ਨੂੰ ਵੀ ਪ੍ਰਭਾਵਿਤ ਕੀਤਾ ਹੈ, ਤਾਂ ਉਹਨਾਂ ਨੇ ਤੁਹਾਨੂੰ ਕੀ ਦੱਸਿਆ ਹੈ
  - ਜੇਕਰ ਇਸ ਬਾਰੇ ਤੁਹਾਡੇ ਕੋਈ ਸਵਾਲ ਹਨ ਕਿ ਕੀ ਹੋਇਆ, ਕੀ ਗਲਤ ਹੋ ਗਿਆ ਅਤੇ ਤੁਹਾਡੇ/ਤੁਹਾਡੇ ਪਰਿਵਾਰਕ ਮੈਂਬਰ 'ਤੇ ਇਸਦਾ ਕੀ ਪ੍ਰਭਾਵ ਪਿਆ ਹੈ
  - ਤੁਸੀਂ ਸਮੀਖਿਆ ਪ੍ਰਕਿਰਿਆ ਵਿੱਚ ਕਿਵੇਂ ਸ਼ਾਮਲ ਹੋ ਸਕਦੇ ਹੋ
  - ਕੋਈ ਵੀ ਹੋਰ ਚੀਜ਼ ਜਿਸ ਬਾਰੇ ਤੁਸੀਂ ਸਮੀਖਿਅਕਾਂ ਨੂੰ ਸੁਚੇਤ ਕਰਨਾ ਚਾਹੁੰਦੇ ਹੋ।
- ਮੀਟਿੰਗ ਦੌਰਾਨ ਤੁਸੀਂ ਆਪਣੇ ਵਿਚਾਰ ਅਤੇ ਅਨੁਭਵ ਸਾਂਝੇ ਕਰ ਸਕਦੇ ਹੋ, ਅਤੇ ਤੁਸੀਂ ਕੋਈ ਵੀ ਸਵਾਲ ਪੁੱਛ ਸਕਦੇ ਹੋ ਜੋ ਤੁਸੀਂ ਇਹ ਸਮਝਣ ਵਿੱਚ ਮੱਦਦ ਕਰੇ ਕਿ ਕੀ ਹੋਇਆ ਹੈ
- ਤੁਸੀਂ ਮੀਟਿੰਗ ਤੋਂ ਬਾਅਦ ਕੈਂਡੋਰ ਦੀ ਡਿਊਟੀ ਮੀਟਿੰਗ ਵਿੱਚ ਲਏ ਨੋਟਸਾਂ ਦੀ ਸਮੀਖਿਆ ਕਰ ਸਕਦੇ ਹੋ, ਅਤੇ ਜੇ ਲੋੜ ਹੋਵੇ ਤਾਂ ਫੀਡਬੈਕ ਦੇ ਸਕਦੇ ਹੋ। ਇਨ੍ਹਾਂ ਨੋਟਸ ਵਿੱਚ ਮੀਟਿੰਗ ਵਿੱਚ ਚਰਚਾ ਕੀਤੀ ਗਈ ਹਰ ਚੀਜ਼ ਸ਼ਾਮਲ ਹੁੰਦੀ ਹੈ
- ਘਟਨਾ ਦੀ ਸਮੀਖਿਆ ਦੇ ਅੰਤ 'ਤੇ, ਤੁਹਾਨੂੰ ਕਿਸੇ ਵੀ ਪਤੇ ਲਗਾਏ ਗਏ ਕਾਰਨਾਂ ਅਤੇ ਸੁਧਾਰ ਦੀ ਰੂਪਰੇਖਾ ਦੇਣ ਵਾਲੀ ਅੰਤਿਮ ਰਿਪੋਰਟ ਵੀ ਪ੍ਰਾਪਤ ਹੋਵੇਗੀ। ਤੁਸੀਂ ਇਸਦੀ ਸਮੀਖਿਆ ਕਰਨ ਦੇ ਯੋਗ ਹੋਵੋਗੇ ਅਤੇ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਤੁਹਾਨੂੰ ਸਿਹਤ ਸੇਵਾ ਨਾਲ ਸੰਪਰਕ ਕਰਨਾ ਚਾਹੀਦਾ ਹੈ।

# ਕੈਂਡੋਰ ਦੀ ਡਿਊਟੀ (ਸਾਫ਼-ਬਿਆਨੀ ਦੀ ਨੈਤਿਕ ਜ਼ਿੰਮੇਵਾਰੀ)

ਅਕਸਰ ਪੁੱਛੇ ਜਾਣ ਵਾਲੇ ਸਵਾਲ

## ਤੁਹਾਡੇ ਅਧਿਕਾਰ

### ? ਜੇਕਰ ਮੈਂ ਜਿਸ ਹਸਪਤਾਲ/ਸਿਹਤ ਸੇਵਾ ਵਿੱਚ ਨੁਕਸਾਨ ਹੋਇਆ ਹੈ ਉੱਥੇ ਮੀਟਿੰਗ ਨਾ ਕਰਨਾ ਚਾਹਾਂ ਤਾਂ ਕੀ ਹੋਵੇਗਾ?

**A** ਤੁਸੀਂ ਇਹ ਫ਼ੈਸਲਾ ਕਰ ਸਕਦੇ ਹੋ ਕਿ ਤੁਸੀਂ ਮੀਟਿੰਗ ਵਿੱਚ ਕਿਵੇਂ ਸ਼ਾਮਲ ਹੋਣਾ ਚਾਹੁੰਦੇ ਹੋ - ਫ਼ੋਨ ਰਾਹੀਂ, ਵੀਡੀਓ ਕਾਨਫਰੰਸ ਕਾਲ ਰਾਹੀਂ, ਹਸਪਤਾਲ ਵਿੱਚ ਜਾਂ ਕਿਸੇ ਵਿਕਲਪਿਕ ਸਥਾਨ 'ਤੇ ਜੇ ਸੇਵਾ ਵਿੱਚ ਅਜਿਹਾ ਕਰਨ ਦੀ ਸਮਰੱਥਾ ਹੈ।

### ? ਕੀ ਮੈਂ ਕੈਂਡੋਰ ਦੀ ਡਿਊਟੀ ਵਿੱਚ ਹਿੱਸਾ ਨਾ ਲੈਣ ਦਾ ਫ਼ੈਸਲਾ ਕਰ ਸਕਦਾ/ਦੀ ਹਾਂ?

**A** ਤੁਸੀਂ ਔਪਟ-ਆਊਟ ਕਰਨ ਦਾ ਫ਼ੈਸਲਾ ਕਰ ਸਕਦੇ ਹੋ, ਜਾਂ ਕੈਂਡੋਰ ਦੀ ਡਿਊਟੀ ਪ੍ਰਕਿਰਿਆ ਵਿੱਚ ਹਿੱਸਾ ਨਾ ਲੈਣ ਦਾ ਫ਼ੈਸਲਾ ਕਰ ਸਕਦੇ ਹੋ।

ਜੇਕਰ ਤੁਸੀਂ ਅਜਿਹਾ ਕਰਨ ਦਾ ਫ਼ੈਸਲਾ ਕਰਦੇ ਹੋ, ਤਾਂ ਸਿਹਤ ਸੇਵਾ ਤੁਹਾਨੂੰ ਇਸਨੂੰ ਲਾਗੂ ਕਰਨ ਲਈ ਇੱਕ ਬਿਆਨ 'ਤੇ ਦਸਤਖ਼ਤ ਕਰਨ ਲਈ ਕਹੇਗੀ। ਉਹ ਤੁਹਾਨੂੰ ਭਵਿੱਖ ਦੇ ਸੰਪਰਕ ਲਈ ਸੰਪਰਕ ਵਿਅਕਤੀ ਜਾਂ ਖ਼ਪਤਕਾਰ ਸੰਪਰਕ ਅਧਿਕਾਰੀ ਦੇ ਵੇਰਵੇ ਵੀ ਦੇਣਗੇ।

**ਜਾਣੋ ਕਿ ਤੁਸੀਂ ਬਾਅਦ ਵਿੱਚ ਆਪਣਾ ਮਨ ਬਦਲ ਸਕਦੇ ਹੋ।**
ਜੇਕਰ ਤੁਸੀਂ ਆਪਣਾ ਮਨ ਬਦਲਦੇ ਹੋ, ਤਾਂ ਕੈਂਡੋਰ ਦੀ ਡਿਊਟੀ ਪ੍ਰਕਿਰਿਆ ਸ਼ੁਰੂ ਕਰਨ ਲਈ ਸਿਹਤ ਸੇਵਾ ਵਿੱਚ ਆਪਣੇ ਸੰਪਰਕ ਵਿਅਕਤੀ ਜਾਂ ਖ਼ਪਤਕਾਰ ਸੰਪਰਕ ਅਧਿਕਾਰੀ ਨਾਲ ਗੱਲ ਕਰਨ ਲਈ ਕਹੋ।

### ? ਜੇ ਮੈਂ ਕੈਂਡੋਰ ਦੀ ਡਿਊਟੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਤਿਆਰ ਨਹੀਂ ਹਾਂ ਤਾਂ ਕੀ ਹੋਵੇਗਾ?

**A** ਤੁਸੀਂ ਕੈਂਡੋਰ ਦੀ ਡਿਊਟੀ ਵਿੱਚ ਦੇਰੀ ਲਈ ਬੇਨਤੀ ਕਰ ਸਕਦੇ ਹੋ, ਖ਼ਾਸ ਤੌਰ 'ਤੇ ਉਦੋਂ ਜਦੋਂ ਤੁਸੀਂ ਕਿਸੇ ਅਜ਼ੀਜ਼ ਦੀ ਮੌਤ ਨਾਲ ਪਾਏ ਘਾਟੇ ਨੂੰ ਸਹਿਣ ਕਰ ਰਹੇ ਹੋਵੋ। ਸਿਹਤ ਸੇਵਾ ਇਹ ਕਰੇਗੀ:

- ਤੁਹਾਡੇ ਨਾਲ ਸੰਪਰਕ ਕਰਨ ਲਈ ਸਿਹਤ ਸੇਵਾ ਲਈ ਇੱਕ ਢੁੱਕਵੀਂ ਮਿਤੀ ਲੱਭੇਗੀ, ਜਾਂ
- ਤੁਹਾਨੂੰ ਸੰਪਰਕ ਵਿਅਕਤੀ ਜਾਂ ਖ਼ਪਤਕਾਰ ਸੰਪਰਕ ਅਧਿਕਾਰੀ ਲਈ ਸੰਪਰਕ ਵੇਰਵੇ ਦੇਵੇਗੀ, ਤਾਂ ਜੋ ਤੁਸੀਂ ਤਿਆਰ ਹੋਣ 'ਤੇ ਸੰਪਰਕ ਕਰ ਸਕੋ।

### ? ਕੈਂਡੋਰ ਦੀ ਡਿਊਟੀ ਪ੍ਰਕਿਰਿਆ ਕਦੋਂ ਦੇਰੀ ਨਾਲ ਹੋ ਸਕਦੀ ਹੈ?

**A** ਜੇਕਰ ਤੁਸੀਂ ਨੁਕਸਾਨ ਹੋਣ ਦੇ ਕਾਰਨ ਕੈਂਡੋਰ ਦੀ ਡਿਊਟੀ ਵਿੱਚ ਹਿੱਸਾ ਲੈਣ ਦੀ ਯੋਗਤਾ ਗੁਆ ਚੁੱਕੇ ਹੋ ਜਾਂ ਤੁਸੀਂ ਡਾਕਟਰੀ ਤੌਰ 'ਤੇ ਇਸ ਵਿੱਚ ਹਿੱਸਾ ਲੈਣ ਵਿੱਚ ਅਸਮਰੱਥ ਹੋ, ਤਾਂ ਇਹ ਪ੍ਰਕਿਰਿਆ ਤੁਹਾਡੇ ਨਜ਼ਦੀਕੀ ਪਰਿਵਾਰ, ਦੇਖਭਾਲ ਕਰਨ ਵਾਲੇ, ਰਿਸ਼ਤੇਦਾਰਾਂ ਦੇ ਨਾਲ ਜਾਰੀ ਰਹਿ ਸਕਦੀ ਹੈ, ਜਾਂ ਤੁਸੀਂ ਆਪਣੇ ਖੁਦ ਦੇ ਪ੍ਰਤੀਨਿਧੀ ਨੂੰ ਨਾਮਜ਼ਦ ਕਰ ਸਕਦੇ ਹੋ।

ਜਦੋਂ ਤੁਸੀਂ ਠੀਕ ਹੋ ਜਾਂਦੇ ਹੋ, ਇਸ ਗੱਲ ਦੀ ਪਰਵਾਹ ਕੀਤੇ ਬਗ਼ੈਰ ਕਿ ਕੀ ਤੁਹਾਡੇ ਨਾਮਜ਼ਦ ਵਿਅਕਤੀ ਨਾਲ ਕੈਂਡੋਰ ਦੀ ਡਿਊਟੀ ਹੋਈ ਹੈ ਜਾਂ ਨਹੀਂ, ਸਿਹਤ ਸੇਵਾ ਤੁਹਾਡੇ ਨਾਲ ਕੈਂਡੋਰ ਦੀ ਡਿਊਟੀ ਦੁਬਾਰਾ ਸ਼ੁਰੂ ਕਰੇਗੀ (ਜਦੋਂ ਤੱਕ ਤੁਸੀਂ ਉਸ ਵਿੱਚ ਔਪਟ-ਆਊਟ ਕਰਕੇ ਆਪ ਹਿੱਸਾ ਨਹੀਂ ਲੈਣਾ ਚਾਹੁੰਦੇ ਹੋ)।

### ? ਜੇ ਸਿਹਤ ਸੇਵਾ ਨੇ ਅਹਿਮ ਨੁਕਸਾਨ ਦੀ ਪਛਾਣ ਨਹੀਂ ਕੀਤੀ ਹੈ, ਤਾਂ ਕੀ ਮੈਂ ਕੈਂਡੋਰ ਦੀ ਡਿਊਟੀ ਸ਼ੁਰੂ ਕਰ ਸਕਦਾ/ਸਕਦੀ ਹਾਂ?

**A** ਜੇਕਰ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਹਾਨੂੰ ਕਿਸੇ ਸਿਹਤ ਸੇਵਾ ਤੋਂ ਅਹਿਮ ਨੁਕਸਾਨ ਹੋਇਆ ਹੈ, ਪਰ ਸੇਵਾ ਨੇ ਕੈਂਡਰ ਦੀ ਡਿਊਟੀ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਹੈ, ਤਾਂ ਤੁਹਾਨੂੰ ਸਟਾਫ਼ ਦੇ ਕਿਸੇ ਮੈਂਬਰ ਜਾਂ ਖ਼ਪਤਕਾਰ ਸੰਪਰਕ ਅਧਿਕਾਰੀ ਨਾਲ ਗੱਲ ਕਰਨ ਦੀ ਮੰਗ ਕਰਨੀ ਚਾਹੀਦੀ ਹੈ।

ਫਿਰ ਸਿਹਤ ਸੇਵਾ ਇਹ ਦੇਖਣ ਲਈ ਤੁਹਾਡੇ ਦੁਆਰਾ ਅਨੁਭਵ ਕੀਤੇ ਗਏ ਸੰਭਾਵੀ ਨੁਕਸਾਨ ਦੀ ਸਮੀਖਿਆ ਕਰੇਗੀ ਕਿ ਕੀ ਇਹ ਮਾਪਦੰਡਾਂ 'ਤੇ ਖਰਾ ਉੱਤਰਦਾ ਹੈ। ਜੇਕਰ ਅਜਿਹਾ ਨਹੀਂ ਹੁੰਦਾ ਹੈ, ਤਾਂ ਵੀ ਆਸਟ੍ਰੇਲੀਅਨ ਓਪਨ ਡਿਸਕਲੋਜ਼ਰ ਫਰੇਮਵਰਕ ਦੇ ਅੰਦਰ ਦੱਸੇ ਅਨੁਸਾਰ ਖੁੱਲ੍ਹਾ ਖੁਲਾਸਾ ਕਰਨ ਦੀ ਜ਼ਿੰਮੇਵਾਰੀ ਲਾਗੂ ਹੋ ਸਕਦੀ ਹੈ।

# ਕੈਂਡੋਰ ਦੀ ਡਿਊਟੀ (ਸਾਫ਼-ਬਿਆਨੀ ਦੀ ਨੈਤਿਕ ਜ਼ਿੰਮੇਵਾਰੀ)



ਅਕਸਰ ਪੁੱਛੇ ਜਾਣ ਵਾਲੇ ਸਵਾਲ

## ਨਿਰਪੱਖ ਸਹਾਇਤਾ ਤੱਕ ਪਹੁੰਚ ਕਰਨ ਲਈ

### ? ਜੇ ਮੈਂ ਸਮੀਖਿਆ ਦੇ ਨਤੀਜਿਆਂ ਨਾਲ ਅਸਹਿਮਤ ਹਾਂ ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

**A** ਤੁਸੀਂ ਆਪਣੀਆਂ ਚਿੰਤਾਵਾਂ ਸਾਂਝੀਆਂ ਕਰਨ ਲਈ ਆਪਣੇ ਸੰਪਰਕ ਵਿਅਕਤੀ ਜਾਂ ਖ਼ਪਤਕਾਰ ਸੰਪਰਕ ਅਧਿਕਾਰੀ ਨਾਲ ਸੰਪਰਕ ਕਰ ਸਕਦੇ ਹੋ। ਜੇਕਰ ਇਸ ਨਾਲ ਇਸਦਾ ਹੱਲ ਨਹੀਂ ਹੁੰਦਾ, ਤਾਂ ਤੁਸੀਂ ਇਹਨਾਂ ਨਾਲ ਸ਼ਿਕਾਇਤ ਕਰਨਾ ਚਾਹ ਸਕਦੇ ਹੋ:

- ਸਿਹਤ ਸੇਵਾ
  - ਸ਼ਿਕਾਇਤਾਂ ਵਿਭਾਗ ਨਾਲ ਗੱਲ ਕਰਨ ਲਈ ਕਹਿ ਸਕਦੀ ਹੈ
- ਸਿਹਤ ਸ਼ਿਕਾਇਤਾਂ ਕਮਿਸ਼ਨਰ
  - ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9.30 ਵਜੇ ਤੋਂ ਸ਼ਾਮ 3.00 ਵਜੇ ਤੱਕ **1300 582 113** 'ਤੇ ਫ਼ੋਨ ਕਰੋ
  - **hcc.vic.gov.au/contact**
- ਮਾਨਸਿਕ ਸਿਹਤ ਸ਼ਿਕਾਇਤਾਂ ਦਾ ਕਮਿਸ਼ਨਰ
  - ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ **1800 246 054** 'ਤੇ ਫ਼ੋਨ ਕਰੋ
  - **www.mhcc.vic.gov.au/contact-us**
- ਵਿਕਟੋਰੀਆ ਦੀ ਕੋਰੋਨਰ ਕੋਰਟ
  - ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8.30 ਵਜੇ ਤੋਂ ਸ਼ਾਮ 5 ਵਜੇ ਤੱਕ **1300 309 519** 'ਤੇ ਫ਼ੋਨ ਕਰੋ
  - **www.coronerscourt.vic.gov.au/families**

### ? ਜੇਕਰ ਮੈਂ ਸ਼ਿਕਾਇਤ ਕਰਨਾ ਚਾਹੁੰਦਾ ਹਾਂ, ਤਾਂ ਕੀ ਇਹ ਕੈਂਡੋਰ ਦੀ ਡਿਊਟੀ ਪ੍ਰਕਿਰਿਆ ਦਾ ਹਿੱਸਾ ਹੈ?

**A** ਨਹੀਂ। ਸ਼ਿਕਾਇਤ ਕਰਨਾ ਕੈਂਡੋਰ ਦੀ ਡਿਊਟੀ ਤੋਂ ਇੱਕ ਵੱਖਰੀ ਪ੍ਰਕਿਰਿਆ ਹੈ।

### ? ਕੀ ਮੈਂ ਕਾਨੂੰਨੀ ਦਖ਼ਲ ਦੀ ਮੰਗ ਕਰ ਸਕਦਾ ਹਾਂ ਜੇਕਰ ਕੈਂਡੋਰ ਦੀ ਡਿਊਟੀ ਪ੍ਰਕਿਰਿਆ ਹੋ ਰਹੀ ਹੈ ਜਾਂ ਸ਼ੁਰੂ ਹੋ ਗਈ ਹੈ?

**A** ਹਾਂ। ਕੈਂਡੋਰ ਦੀ ਡਿਊਟੀ ਤੁਹਾਨੂੰ ਇਸ ਪ੍ਰਕਿਰਿਆ ਤੋਂ ਬਾਹਰ ਕਾਨੂੰਨੀ ਦਖ਼ਲ ਦੀ ਮੰਗ ਕਰਨ ਤੋਂ ਨਹੀਂ ਰੋਕਦੀ ਹੈ।

### ? ਮੈਂ ਕਾਨੂੰਨੀ ਕਾਰਵਾਈਆਂ ਵਿੱਚ ਕੈਂਡੋਰ ਦੀ ਡਿਊਟੀ ਪ੍ਰਕਿਰਿਆ ਤੋਂ ਕਿਹੜੀ ਜਾਣਕਾਰੀ ਦੀ ਵਰਤੋਂ ਕਰ ਸਕਦਾ/ਦੀ ਹਾਂ?

**A** ਕੈਂਡੋਰ ਦੀ ਡਿਊਟੀ ਪ੍ਰਕਿਰਿਆ ਇਹ ਯਕੀਨੀ ਬਣਾਉਂਦੀ ਹੈ ਕਿ ਤੁਸੀਂ ਜਾਂ ਤੁਹਾਡੇ ਪਰਿਵਾਰ ਜਾਂ ਦੇਖਭਾਲਕਰਤਾ ਨੂੰ ਇਹ ਪ੍ਰਾਪਤ ਹੁੰਦਾ ਹੈ:

1. ਮੁਆਫ਼ੀ ਮੰਗੇ ਜਾਣ ਦੀ
2. ਘਟਨਾ ਦੇ ਤੱਥ ਦੱਸਣ ਦੀ
3. ਘਟਨਾ ਪ੍ਰਤੀ ਸਿਹਤ ਸੇਵਾ ਦੀ ਜਵਾਬੀ ਕਾਰਵਾਈ ਦਾ ਵਰਣਨ (ਮਤਲਬ ਕਿ ਉਹਨਾਂ ਨੇ ਉਸ ਸਮੇਂ ਕੀ ਕੀਤਾ)
4. ਸਿਹਤ ਸੇਵਾ ਵੱਲੋਂ ਅਜਿਹੀ ਘਟਨਾ ਦੇ ਮੁੜ-ਵਾਪਰਨ ਨੂੰ ਰੋਕਣ ਲਈ ਚੁੱਕੇ ਗਏ ਕੋਈ ਵੀ ਕਦਮ।

ਸਿਰਫ਼ ਮੁਆਫ਼ੀ ਨੂੰ ਕਾਨੂੰਨੀ ਕਾਰਵਾਈਆਂ ਵਿੱਚ ਵਰਤੋਂ ਤੋਂ ਸੁਰੱਖਿਅਤ ਰੱਖਿਆ ਗਿਆ ਹੈ, ਅਤੇ ਇਹ ਗਲਤੀ ਸਵੀਕਾਰਨਾ ਨਹੀਂ ਹੈ।

ਹਾਲਾਂਕਿ, ਸਿਹਤ ਸੇਵਾ ਸ਼ਾਮਲ ਡਾਕਟਰੀ ਕਰਮਚਾਰੀਆਂ ਨਾਲ ਖੁੱਲ੍ਹੇ ਅਤੇ ਇਮਾਨਦਾਰ ਸਲਾਹ-ਮਸ਼ਵਰੇ ਨੂੰ ਉਤਸ਼ਾਹਿਤ ਕਰਨ ਲਈ, ਇੱਕ **ਸੁਰੱਖਿਅਤ ਸਮੀਖਿਆ ਪ੍ਰਕਿਰਿਆ** ਸ਼ੁਰੂ ਕਰ ਸਕਦੀ ਹੈ, ਨਤੀਜੇ ਵਜੋਂ ਵਧੇਰੇ ਮਜ਼ਬੂਤ ਸਿਫ਼ਾਰਸ਼ਾਂ ਅਤੇ ਨਤੀਜੇ ਨਿਕਲਦੇ ਹਨ।

ਇਹ ਸੁਰੱਖਿਆ ਫਿਰ ਕੁੱਝ ਦਸਤਾਵੇਜ਼ਾਂ ਦੀ ਸੁਰੱਖਿਆ ਕਰੇਗੀ, ਜਿਸ ਵਿੱਚ ਅੰਤਿਮ ਰਿਪੋਰਟ ਨੂੰ ਵੀ ਕਾਨੂੰਨੀ ਕਾਰਵਾਈਆਂ ਵਿੱਚ ਵਰਤੇ ਜਾਣ ਤੋਂ ਸੁਰੱਖਿਆ ਮਿਲੇਗੀ। ਆਪਣੀ ਸਿਹਤ ਸੇਵਾ ਨੂੰ ਪੁੱਛੋ ਕਿ ਕੀ ਸਮੀਖਿਆ ਨੂੰ ਹੋਰ ਜਾਣਨ ਲਈ ਸੁਰੱਖਿਅਤ ਕੀਤਾ ਜਾਵੇਗਾ।

### ? ਜੇਕਰ ਸਿਹਤ ਸੇਵਾ ਕੈਂਡੋਰ ਦੀ ਡਿਊਟੀ ਪ੍ਰਕਿਰਿਆ ਦੀ ਪਾਲਣਾ ਨਹੀਂ ਕਰਦੀ ਹੈ ਤਾਂ ਕੀ ਹੁੰਦਾ ਹੈ?

**A** ਸਿਹਤ ਮੰਤਰੀ ਅਤੇ ਸਕੱਤਰ ਕੈਂਡੋਰ ਦੀ ਡਿਊਟੀ ਪ੍ਰਕਿਰਿਆ ਨਿਭਾਉਣ ਵਿੱਚ ਸਿਹਤ ਸੇਵਾ ਦੀ ਨਾਕਾਮੀ ਨੂੰ ਧਿਆਨ ਵਿੱਚ ਰੱਖ ਸਕਦੇ ਹਨ।

ਸਿਹਤ ਸੇਵਾ ਵੱਲੋਂ ਕੀਤੀਆਂ ਨਾਕਾਮੀਆਂ ਦੀ ਸੰਖਿਆ ਅਤੇ ਗੰਭੀਰਤਾ 'ਤੇ ਨਿਰਭਰ ਕਰਦਿਆਂ, ਮੰਤਰੀ ਵਿਭਾਗ ਦੀ ਵੈੱਬਸਾਈਟ 'ਤੇ ਸੰਬੰਧਿਤ ਸਿਹਤ ਸੇਵਾ ਦੇ ਨਾਮ ਨਾਲ ਇੱਕ ਬਿਆਨ ਪ੍ਰਕਾਸ਼ਿਤ ਕਰ ਸਕਦਾ ਹੈ ਜਿਸ ਵਿੱਚ ਕਿਹਾ ਜਾ ਸਕਦਾ ਹੈ ਕਿ ਇਹ ਸਿਹਤ ਸੇਵਾ ਕੈਂਡੋਰ ਦੀ ਡਿਊਟੀ ਦੀ ਪਾਲਣਾ ਕਰਨ ਵਿੱਚ ਨਾਕਾਮ ਰਹੀ ਹੈ।

---

### i ਕੈਂਡੋਰ ਦੀ ਡਿਊਟੀ ਦੀਆਂ ਕਾਨੂੰਨੀ ਲੋੜਾਂ ਬਾਰੇ ਹੋਰ ਜਾਣਨ ਲਈ

**ਇੱਥੇ ਜਾਓ:**

**www.safercare.vic.gov.au/duty-of-candour-resources-for-patients-families-and-their-carers**

Safer Care Victoria